## ਭਗਤ ਰਵਿਦਾਸ - ਸਬਦ ੪

### ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥

ਰਾਗੁ ਗਉੜੀ ਬੈਰਾਗਣਿ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੩੪੫

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥
ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥
ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ ॥
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥
ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥
ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩॥
ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥

ਸਾਰ: ਰੂਹਾਨੀ ਜਾਗ੍ਰਿਤੀ ਦਾ ਅਗਾਜ਼ ਇਕ ਪਰਿਵਰਤਨਸ਼ੀਲ ਯਾਤਰਾ ਹੈ ਜੋ ਇਸ ਵਿਚ ਉਤਰਾਅ-ਚੜ੍ਹਾਅ ਨੂੰ ਪਾਰ ਕਰਨ ਲਈ ਇਕ ਢਾਲੂ ਮਨੋਬਿਰਤੀ ਦੀ ਮੰਗ ਕਰਦੀ ਹੈ। ਇਸ ਵਿਚ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ, ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਮਾਨਤਾ ਦੇਣੀ, ਗੂੜ੍ਹ ਡਰਾਂ ਦਾ ਸਾਹਮਣਾ ਕਰਨਾ, ਸੀਮਤ ਵਿਸ਼ਵਾਸਾਂ ਨੂੰ ਤਿਆਗਣਾ ਅਤੇ ਹੋਂਦ ਦੇ ਅਸਲ ਤੱਤਸਾਰ ਨੂੰ ਸਮਝਣਾ ਸ਼ਾਮਲ ਹੈ - ਇਕ ਵਪਾਰੀ ਦੀ ਤਰ੍ਹਾਂ ਦੂਰ-ਦੁਰਾਡੇ ਦੇਸ਼ਾਂ ਲਈ ਸੌਦਾਗਰੀ ਲਈ ਜਾਣ ਦੇ ਤੁਲ। ਬਿਖਮ ਅਤੇ ਅਨਿਸ਼ਚਿਤ ਯਾਤਰਾ ਦੇ ਬਾਵਜੂਦ, ਵਪਾਰੀ ਸੰਭਾਵੀ ਨਤੀਜਿਆਂ ਤੋਂ ਪ੍ਰੇਰਿਤ ਰਹਿਣਾ ਸਿੱਖਦਾ ਹੈ ਅਤੇ ਜਦੋਂ ਸੌਦਾਗਰੀ ਲਾਭਦਾਇਕ ਸਾਬਤ ਹੁੰਦੀ ਹੈ ਤਾਂ ਉਹ ਇਸਦੀ ਖ਼ੁਸ਼ੀ ਮਨਾਉਂਦਾ ਹੈ।

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥

ਪਹਾੜੀ ਇਲਾਕਿਆਂ ਵਿਚੋਂ ਗੁਜ਼ਰਨਾ ਬਹੁਤ ਬਿਖਮ ਹੈ, ਜਿੱਥੇ ਉੱਚੀਆਂ ਚੋਟੀਆਂ ਅਤੇ ਡੂੰਘੀਆਂ ਵਾਦੀਆਂ ਹੁੰਦੀਆਂ ਹਨ, ਅਤੇ ਮੇਰਾ ਢੋਟਾ ਵੀ ਮੇਰੇ ਨਾਲ ਹੈ, ਇਹ ਅਨੁਭਵ ਦਰਸਾਉਂਦਾ ਹੈ ਕਿ ਜਦੋਂ ਸਾਡੇ ਕੋਲ

ਸਕਾਰਾਤਮਕ ਗੁਣਾਂ ਦੀ ਘਾਟ ਹੁੰਦੀ ਹੈ ਤਾਂ ਪਲ-ਪਲ ਦੇ ਵਿਚਾਰ ਜ਼ਿੰਦਗੀ ਦੇ ਸਫ਼ਰ ਨੂੰ ਕਿਵੇਂ ਗੁੰਝਲਦਾਰ ਬਣਾ ਸਕਦੇ ਹਨ।

ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥
ਮੈਂ ਨਿਮਰਤਾ ਨਾਲ ਸਰਬ-ਵਿਆਪੀ ਜਾਗਰੂਕਤਾ ਦੀ ਜਾਚਨਾ ਕਰਦਾ ਹਾਂ ਕਿ ਉਹ ਮੇਰੇ ਗੁਣਾਂ ਨੂੰ ਬਰਕਰਾਰ ਰੱਖੇ; ਇਹ ਉਸ ਬਿਬੇਕ ਦੀ ਭਾਲ ਨੂੰ ਦਰਸਾਉਂਦਾ ਹੈ ਜੋ ਜਨਮਜਾਤ ਸਕਾਰਾਤਮਕ ਗੁਣਾਂ ਨੂੰ ਸੁਰੱਖਿਅਤ ਰੱਖਦੀ ਹੈ। (੧)

ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥
ਕੀ ਕੋਈ ਸਾਥੀ ਵਪਾਰੀ ਹੈ ਜੋ ਸਰਵ ਵਿਆਪਕ ਚੇਤਨਾ ਦੀ ਏਕਤਾ ਦਾ ਸੌਦਾ ਕਰਨ ਵਿਚ ਦਿਲਚਸਪੀ ਰੱਖਦਾ ਹੈ? ਮੇਰੇ ਬਿਬੇਕ ਦਾ ਮਾਲ ਸੌਦਾਗਰੀ ਲਈ ਤਿਆਰ ਹੈ ਕਿਉਂਕਿ ਮੈਂ ਰੂਹਾਨੀ ਵਿਚਾਰਾਂ ਦੇ ਆਦਾਨ-ਪ੍ਰਦਾਨ ਵਾਲੇ ਸਫ਼ਰ 'ਤੇ ਨਿਕਲ ਰਿਹਾ ਹਾਂ। (੧)(ਠਹਿਰਾਉ)

ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯਪਾਰੁ ॥
ਮੈਂ ਸਰਬ-ਵਿਆਪੀ ਏਕਤਾ ਦਾ ਸੌਦਾਗਰ ਹਾਂ; ਮੈਂ ਸ਼ਾਂਤੀ ਦਾ ਵਪਾਰ ਕਰਦਾ ਹਾਂ।

ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥
ਮੈਂ ਆਪਣੇ ਮਨ ਨੂੰ ਸਰਵ ਵਿਆਪਕ ਜਾਗਰੂਕਤਾ ਦੇ ਤੱਤਸਾਰ ਲਈ ਪ੍ਰਸ਼ੰਸਾਯੋਗ ਚਿੰਤਨ ਨਾਲ ਸਰਸ਼ਾਰ ਕਰ ਦਿੱਤਾ ਹੈ, ਜਦੋਂ ਕਿ ਦੁਨੀਆਂ ਬੁਰੇ ਇਰਾਦਿਆਂ ਦੇ ਜ਼ਹਿਰ ਰੂਪੀ ਭਾਰ ਨੂੰ ਚੁੱਕੀ ਫਿਰਦੀ ਹੈ। (੨)

ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥
ਦਰਿਆ ਦੇ ਕੰਢੇ ਦੇ ਇਸ ਪਾਸੇ ਦਾ ਜਾਣਕਾਰ, ਜੋ ਕਿ ਸਥੂਲ, ਦ੍ਰਿਸ਼ਟਮਾਨ ਹਕੀਕਤ ਦਾ ਪ੍ਰਤੀਕ ਹੈ, ਅਤੇ ਦਰਿਆ ਦੇ ਦੂਜੇ ਕੰਢੇ, ਜੋ ਕਿ ਅਮੂਰਤ, ਅਦ੍ਰਿਸ਼ ਚੇਤਨਾ ਦਾ ਪ੍ਰਤੀਨਿਧੀ ਹੈ, ਅਸਮਾਨ ਤੋਂ ਲੈ ਕੇ ਪਾਤਾਲ ਤੱਕ ਹੋਂਦ ਦਾ ਅਨੁਭਵ ਕਰਦਾ ਹੈ। ਇਹ ਸੂਝ ਦਰਸਾਉਂਦੀ ਹੈ ਕਿ ਜੀਵਨ ਇਕ ਸਹਿਜ ਨਿਰੰਤਰਤਾ ਹੈ ਜਿੱਥੇ ਦ੍ਰਿਸ਼ਮਾਨ ਅਤੇ ਅਦ੍ਰਿਸ਼ ਖੇਤਰ ਇਕ ਇਕਵਚਨ ਸੱਚ ਵਿਚ ਅਭੇਦ ਹੋ ਜਾਂਦੇ ਹਨ, ਅਤੇ ਏਕਤਾ ਦੇ ਤੱਤਸਾਰ ਨੂੰ ਮੂਰਤੀਮਾਨ ਕਰਦੇ ਹਨ।

ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩॥

ਮੋਹ ਦਾ ਵਿਨਾਸ਼ ਉਨ੍ਹਾਂ ਨੂੰ ਸਜ਼ਾ ਦੇ ਤੌਰ 'ਤੇ ਪ੍ਰਭਾਵਿਤ ਨਹੀਂ ਕਰਦਾ, ਕਿਉਂਕਿ ਉਹ ਸਾਰੇ ਭਰਮਪੂਰਨ ਉਲਝਣਾਂ ਤੋਂ ਮੁਕਤ ਹੋ ਗਏ ਹਨ। (੩)

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥

ਇਹ ਦੁਨੀਆਂ ਲੈਣ-ਦੇਣ ਵਾਲੀ ਹੈ, ਜਿਵੇਂ ਕਿ ਕਸੁੰਭ ਦੇ ਫੁੱਲ ਦਾ ਫਿੱਕਾ ਅਸਥਾਈ ਰੰਗ।

ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥

ਚਮੜੇ ਦੀ ਕਿਰਤ ਕਰਨ ਵਾਲੇ ਰਵਿਦਾਸ ਕਹਿੰਦੇ ਹਨ ਕਿ ਅਦ੍ਰਿਸ਼ ਜਾਗਰੂਕਤਾ ਦੀ ਸਰਵ ਵਿਆਪਕਤਾ ਸ੍ਰਿਸ਼ਟੀ ਵਿਚ ਸਥਾਈ ਤੌਰ 'ਤੇ ਸਮਾਈ ਹੋਈ ਹੈ, ਜਿਵੇਂ ਮਜੀਠ ਦੇ ਫੁੱਲ ਨਾਲ ਰੰਗਿਆ ਹੋਇਆ ਰੰਗ। (੪)(੧)

ਤੱਤ: ਭਗਤ ਰਵਿਦਾਸ ਸਾਰੇ ਰੂਪਾਂ ਦੀ ਅਸਥਿਰਤਾ, ਫਿੱਕੇ ਪੈ ਰਹੇ ਕੁਸੰਭੜੇ ਦੇ ਫੁੱਲ ਦੇ ਰੰਗ ਨਾਲ ਤੁਲਨਾ ਕਰਕੇ ਦਰਸਾਉਂਦੇ ਹਨ। ਉਹ ਕਹਿੰਦੇ ਹਨ ਕਿ ਇਕੋ ਇਕ ਸਥਾਈ ਤੱਤ ਅਦ੍ਰਿਸ਼, ਸਰਬਵਿਆਪੀ ਊਰਜਾ ਹੈ, ਜੋ ਕਿ ਮਜੀਠ ਦੇ ਰੁੱਖ ਨਾਲ ਰੰਗੇ ਹੋਏ ਰੰਗ ਦੇ ਸਮਾਨ ਹੈ। ਇਹ ਪਛਾਣਨਾ ਜ਼ਰੂਰੀ ਹੈ ਕਿ ਸਥਾਈਤਾ ਸ੍ਰਿਸ਼ਟੀ ਵਿਚ ਨਿਹਿਤ ਨਹੀਂ ਹੈ; ਸਿਰਫ ਬਦਲਾਵ ਹੀ ਅਟੱਲ ਹੈ। ਇਸ ਵਿਸ਼ਵਾਸ ਨਾਲ ਜੁੜੇ ਰਹਿਣ ਨਾਲ ਕਿ ਵਸਤਾਂ ਹਮੇਸ਼ਾ ਲਈ ਸਥਿਰ ਰਹਿਣਗੀਆਂ, ਅੰਤ ਵਿਚ ਅਸੰਤੁਸ਼ਟੀ, ਨਿਰਾਸ਼ਾ ਅਤੇ ਨਾਖੁਸ਼ੀ ਦਿੰਦੀਆਂ ਹਨ। ਜੀਵਨ ਦੀ ਥੋੜ੍ਹ-ਚਿਰੀ ਪ੍ਰਕਿਰਤੀ ਨੂੰ ਕਲਾਵੇ ਵਿਚ ਲੈਣ ਨਾਲ ਵਧੇਰੇ ਖੁਸ਼ੀ ਅਤੇ ਸੰਤੁਸ਼ਟੀ ਮਿਲ ਸਕਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**